18

# ਝਗੜੇ ਉੱਤੇ ਜਿੱਤ ਪਾਉਣਾ

ਪ੍ਰਭੂ ਯਿਸੂ ਨੇ ਪ੍ਰਾਰਥਨਾ ਕੀਤੀ ਕਿ ਉਸ ਦੇ ਸਾਰੇ ਚੇਲੇ ਇਕ ਹੋਣ (ਯੂਹੰਨਾ 17:20, 21)। ਪੌਲੁਸ ਨੇ ਮਸੀਹੀ ਲੋਕਾਂ ਨੂੰ ਬੇਨਤੀ ਕੀਤੀ ਕਿ ਤੁਸੀਂ ਸੱਭੇ ''ਇੱਕੋ ਮਨ ਅਤੇ ਇੱਕੋ ਵਿਚਾਰ ਵਿਚ ਪੂਰੇ ਹੋ ਜਾਵੋ'' (1 ਕੁਰਿੰਥੀਆਂ 1:10)। ''ਵੈਰ'' ''ਝਗੜੇ'', ਲੜਾਈਆਂ, ਮੱਤਭੇਦ ਅਤੇ ''ਧੜੇਬਾਜ਼ੀਆਂ'' ਨੂੰ ਸਰੀਰ ਦਾ ਕੰਮ ਦੱਸਿਆ ਗਿਆ ਹੈ ਜੋ ਮਸੀਹੀ ਲੋਕਾਂ ਨੂੰ ਖ਼ੁਦਾ ਦੇ ਰਾਜ ਦੇ ਅਧਿਕਾਰੀ ਨਹੀਂ ਹੋਣ ਦਿੰਦੇ (ਗਲਾਤੀਆਂ 5:19-21)। ਇਹ ਪ੍ਰਾਰਥਨਾਵਾਂ ਅਤੇ ਚੇਤਾਵਨੀਆਂ ਦੇ ਬਾਵਜੂਦ, ਝਗੜਾ ਅੱਜ ਦੀ ਮੰਡਲੀਆਂ ਦੀ ਇਕ ਮੁੱਖ ਮੁਸ਼ਕਿਲ ਹੈ।

ਅਸਲ ਵਿਚ ਝਗੜਾ ਹੀ ਉਹ ਸਮਾਨ ਹੈ ਜਿਸ ਦੇ ਨਾਲ ਦੂਜੀਆਂ ਬਹੁਤ ਸਾਰੀਆਂ ਮੁਸ਼ਕਿਲਾਂ ਜੁੜੀਆਂ ਹੋਈਆਂ ਹਨ। ਉਦਾਹਰਣ ਲਈ ਪ੍ਰਚਾਰਕਾਂ ਅਤੇ ਐਲਡਰਾਂ ਦੇ ਵਿਚ ਮਤਭੇਦ ਸਹੂਲਤਾਂ ਦੇਣ ਜਾਂ ਮਿਸ਼ਨ ਕੰਮ ਵਿਚ ਅਸਹਿਮਤੀਆਂ ਅਤੇ ਸਿੱਖਿਆ ਨਾਲ ਜੁੜੇ ਵਿਵਾਦ ਕਈ ਵਾਰ ਝਗੜੇ ਦਾ ਕਾਰਣ ਬਣਦੇ ਹਨ। ਕਲੀਸੀਆ ਦਾ ਆਗੂ ਜੇਕਰ ਸਫ਼ਲਤਾ ਨਾਲ ਅਗਵਾਈ ਕਰਨਾ ਚਾਹੁੰਦਾ ਹੈ ਤਾਂ ਉਸ ਲਈ ਜ਼ਰੂਰੀ ਹੈ ਕਿ ਉਹ ਜੋ ਕੁਝ ਵੀ ਕਰਨ ਲਈ ਤਿਆਰ ਹੈ ਉਸ ਸਭ ਦੇ ਵਿਚਾਰ ਝਗੜੇ ਦੀ ਮੁਸ਼ਕਿਲ ਉੱਤੇ ਕਾਬੂ ਪਾਉਣ ਲਈ ਕਲੀਸੀਆ ਦੀ ਮਦਦ ਕਰਨ ਲਈ ਤਿਆਰ ਹੋਣ। ਇਸ ਤਰ੍ਹਾਂ ਕਰਨ ਲਈ ਉਸ ਨੂੰ ਤਿੰਨ ਸਵਾਲਾਂ ਦਾ ਜਵਾਬ ਪਤਾ ਹੋਣਾ ਚਾਹੀਦਾ ਹੈ।

## ਝਗੜਾ ਕੀ ਹੈ?

''ਝਗੜੇ'' ਨਾਲ ਸਾਡਾ ਮਤਲਬ ਵਿਚਾਰ ਦੇ ਮੱਤਭੇਦ ਜਾਂ ''ਵਿਵਾਦ'' ਨਹੀਂ ਹੁੰਦਾ। ਕਿਉਂ? ਕਿਉਂਕਿ ਵਿਚਾਰਾਂ ਦਾ ਮੱਤਭੇਦ ਤਾਂ ਰਹੇਗਾ ਹੀ ਅਤੇ ਇਸ ਅਰਥ ਵਿਚ ਕਲੀਸੀਆ ਵਿਚ ਝਗੜਾ ਵੀ ਰਹੇਗਾ। ਇਹ ਨਿਸ਼ਚਿਤ ਨਹੀਂ ਹੈ ਕਿ ਲੋਕਾਂ ਦੇ ਵਿਚਾਰ ਵੱਖ ਵੱਖ ਹੋਣ ਨਾਲ ਕਲੀਸੀਆ ਵਿਚ ਝਗੜੇ ਪੈਦਾ ਹੁੰਦੇ ਹਨ। ਪੌਲੁਸ ਅਤੇ ਬਰਨਾਬਾਸ ਇਕ ਮੌਕੇ ਤੇ ਇਕ ਦੂਜੇ ਨਾਲੋਂ ਬਿਲਕੁਲ ਵੱਖ ਸਨ, ਪਰ ਉਨ੍ਹਾਂ ਦੇ ਝਗੜੇ ਦੇ ਕਾਰਣ ਕਲੀਸੀਆ ਨੂੰ ਕੋਈ ਨੁਕਸਾਨ ਨਹੀਂ ਹੁੰਦਾ ਸੀ। ਮੁਸ਼ਕਿਲਾਵਾਂ ਦਾ ਕਾਰਣ ਲੋਕਾਂ ਵਿਚ ਪਾਏ ਜਾਣ ਵਾਲੇ ਮਤਭੇਦ ਨਹੀਂ ਸਗੋਂ ਉਹ ਮੱਤਭੇਦਾਂ ਨੂੰ ਦੂਰ ਕਰਨ ਲਈ ਲੋਕਾਂ ਵੱਲੋਂ ਆਪਣਾਏ ਜਾਣ ਵਾਲੇ ਤਰੀਕੇ ਹਨ।

ਇੱਥੇ ਵਰਤੋਂ ਕੀਤੇ ਗਏ ''ਝਗੜੇ'' ਸ਼ਬਦ ਲਈ ਅਗ੍ਰੇਜ਼ੀ ਸ਼ਬਦ ''strife'' ਦੀ ਇਕ ਅੰਗ੍ਰੇਜ਼ੀ ਸ਼ਬਦ ਕੋਸ਼ ਵਿਚ ਪਰਿਭਾਸ਼ਾ ''ਲੜਨਾ; ਝਗੜਾ ਕਰਨਾ'' ਕੀਤੀ ਗਈ ਹੈ।[1] ਇਕ ਹੋਰ ਸ਼ਬਦਕੋਸ਼ ਵਿਚ ਇਸ ਦਾ ਅਰਥ ''ਤਿੱਖਾ, ਕਈ ਵਾਰ ਹਿੰਸਾ ਵਾਲੇ ਵਿਵਾਦ ਜਾਂ ਮੱਤਭੇਦ'' ਜਾਂ ਲੜਨ ਦਾ ਕੰਮ ਅਰਥਾਤ ਝਗੜਾ, ਸੰਘਰਸ਼ ਅਤੇ ਇੱਕੋ ਜਿਹੇ ਅਰਥਾਂ ਵਾਲੇ ਸ਼ਬਦ ਦੇ ਰੂਪ ਵਿਚ ''ਝਗੜਾ'' ਅਤੇ ਉਲਟਾ ਅਰਥ ਦੇ ਰੂਪ ਵਿਚ ''ਸ਼ਾਂਤੀ, ਸਮਝੌਤਾ'' ਦਿੱਤਾ ਗਿਆ ਹੈ।[2] ਗਲਾਤੀਆਂ 5:20 ਵਿਚ ਯੂਨਾਨੀ ਸ਼ਬਦ ਜਿਸਦਾ ਅਨੁਵਾਦ RSV, NRSV ਅਤੇ NASB ਵਿਚ

''strife'' (ਅਤੇ ਪੰਜਾਬੀ ਬਾਈਬਲ ਵਿਚ ''ਵਿਰੋਧੀ'' ਜੋ ਕਿ KJV ਦੇ ''variance'' ਦਾ ਹੀ ਅਨੁਵਾਦ ਹੈ) ਦਾ ਅਨੁਵਾਦ ਕਦੇ ''ਝਗੜਾ'' ਤਾਂ ਕਿਤੇ ''ਮੁਕੱਦਮਾ'' ਹੋਇਆ ਹੈ।[3] ਵਾਈਨ'ਜ਼ ਐਕਸਪੋਜ਼ਿਟਰੀ ਡਿਕਸ਼ਨਰੀ ਆਫ਼ ਨਿਊ ਟੈਸਟਾਮੈਂਟ ਵਰਡਜ਼ ਦੇ ਅਨੁਸਾਰ ਇਸ ਦਾ ਅਰਥ ''ਝਗੜਾ, ਵਿਵਾਦ'' ਹੈ। ਅਤੇ ਇਹ ''ਦੁਸ਼ਮਣੀ ਦਾ ਐਲਾਨ'' ਹੈ।

ਇਸ ਲਈ ''ਝਗੜੇ'' ਤੋਂ ਸਾਡਾ ਅਰਥ ਦੁਸ਼ਮਣੀ ਦੇ ਕਾਰਣ ਚਲਦੀ ਰਹਿਣ ਵਾਲੀ ਲੜਾਈ ਜਾਂ ਹੱਥੋਪਾਈ ਹੈ ਜੋ ਕਲੀਸੀਆ ਦੇ ਮੈਂਬਰਾਂ ਦੇ ਵਿਚ ਫੁੱਟ ਜਾਂ ਮੱਤਭੇਦ ਦਾ ਕਾਰਣ ਬਣ ਸਕਦੀ ਹੈ।

## ਝਗੜਾ ਨਿਬੇੜਨਾ ਆਉਣਾ ਕਿਉਂ ਜ਼ਰੂਰੀ ਹੈ?

ਕਲੀਸੀਆ ਦੇ ਆਗੂਆਂ ਲਈ ਝਗੜੇ ਦੀ ਮੁਸ਼ਕਿਲ ਦਾ ਹੱਲ ਕਰਨਾ ਕਿਉਂ ਜ਼ਰੂਰੀ ਹੈ?

ਆਗੂਆਂ ਨੂੰ ਕਲੀਸੀਆ ਵਿਚ ਹੋਣ ਵਾਲੇ ਝਗੜੇ ਨੂੰ ਨਿਬੇੜਨਾ ਆਉਣਾ ਚਾਹੀਦਾ ਹੈ, ਕਿਉਂਕਿ ਪਹਿਲੀ ਗੱਲ ਤਾਂ ਇਹ ਹੈ ਕਿ ਫੁੱਟ ਜਾਂ ਝਗੜਾ ਇਕ ਪਾਪ ਹੈ। ਇਸ ਦੇ ਇਲਾਵਾ ਗਲਾਤੀਆਂ 5:19-21 ਜੋ ਸਿਖਾਉਂਦਾ ਹੈ ਕਿ ਝਗੜਾ ''ਸਰੀਰ ਦਾ ਕੰਮ'' ਹੈ, ਰੋਮੀਆਂ 1:29-31 ਵਿਚ ਪਾਪਾਂ ਦੀ ਸੂਚੀ ਵਿਚ ਝਗੜੇ ਨੂੰ ''ਖੂਨ'' ਅਤੇ ''ਛੱਲ'' ਦੇ ਵਿਚ ਰੱਖਿਆ ਗਿਆ ਹੈ। ਉਹ ਛੇ ਗੱਲਾਂ ਵਿਚ ਜਿਸ ਤੋਂ ਪ੍ਰਭੂ ਨਫ਼ਰਤ ਕਰਦਾ ਹੈ ''ਭਰਾਵਾਂ ਵਿਚ ਝਗੜਾ ਪਾਉਣ ਵਾਲਾ'' (ਕਹਾਉਤਾਂ 6:19)।

ਦੂਜੀ ਗੱਲ, ਜਦ ਤਕ ਝਗੜਾ ਨਹੀਂ ਨਿੱਬੜਦਾ ਤਦ ਤਕ ਕਲੀਸੀਆ ਤਰੱਕੀ ਨਹੀਂ ਕਰ ਸਕਦੀ। (1) ਕਲੀਸੀਆ ਦੇ ਲੋਕ ਅੰਦਰੂਨੀ ਝਗੜਿਆਂ ਵਿਚ ਇਸ ਤਰ੍ਹਾਂ ਉਲਝੇ ਰਹਿਣਗੇ ਕਿ ਉਨ੍ਹਾਂ ਵਿਚ ਬਾਹਰ ਦੇ ਲੋਕਾਂ ਵਿਚ ਪ੍ਰਚਾਰ ਲਈ ਸਮੇਂ ਜਾਂ ਉਰਜਾ ਹੀ ਨਹੀਂ ਰਹੇਗੀ (2) ਜਿਨ੍ਹਾਂ ਲੋਕਾਂ ਨੂੰ ਮਸੀਹ ਲਈ ਜਿੱਤਿਆਂ ਜਾ ਸਕਦਾ ਹੈ ਉਹ ਕਲੀਸੀਆ ਦੇ ਲੋਕਾਂ ਵਿਚ ਸ਼ਾਮਿਲ ਹਨ, ਜਿਸ ਵਿੱਚੋਂ ਜ਼ਿਆਦਾਤਰਬ ਬੱਚੇ ਕਲੀਸੀਆ ਨੂੰ ਛੱਡ ਕੇ ਇਸ ਲਈ ਬਾਹਰ ਚੱਲੇ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਕਲੀਸੀਆ ਵਿਚ ਲੜਾਈਆਂ ਅਤੇ ਝਗੜੇ ਦਿਖਦੇ ਹਨ। (3) ਆਮ ਤੌਰ ਉੱਤੇ ਝਗੜੇ ਦੇ ਕਾਰਣ ਕਲੀਸੀਆ ਟੁੱਟ ਜਾਂਦੀ ਹੈ ਜਾਂ ਕੁਝ ਮੈਂਬਰ ਛੱਡ ਕੇ ਚਲੇ ਜਾਂਦੇ ਹਨ, ਜਾਂ ਰਹਿ ਜਾਣ ਵਾਲੇ ਮੈਂਬਰ ਦੁਖੀ ਰਹਿੰਦੇ ਹਨ। ਇਨ੍ਹਾਂ ਵਿੱਚੋਂ ਕੋਈ ਵੀ ਕਾਰਣ ਨਾ ਸਿਰਫ਼ ਕਲੀਸੀਆ ਨੂੰ ਪਿੱਛੇ ਲੈ ਜਾਂਦਾ ਹੈ ਸਗੋਂ ਇਸ ਨਾਲੋਂ ਵੀ ਬੁਰੀ ਹਾਲਤ ਵਿਚ, ਅਤੇ ਨੇੜੇ ਭਵਿੱਖ ਵਿਚ ਉਸਦੀ ਤਰੱਕੀ ਸੰਭਵ ਨਹੀਂ ਹੁੰਦੀ।

ਤੀਜੀ ਗੱਲ, ਮੰਡਲੀਆਂ ਨੂੰ ਝਗੜੇ ਨੂੰ ਖ਼ਤਮ ਕਰਨ ਲਈ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ। ਕਿਉਂਕਿ ਕਲੀਸੀਆ ਵਿਚ ਇਹ ਆਮ ਗੱਲ ਹੈ (1) ਚੇਲਿਆਂ ਦੇ ਵਿਚ ਝਗੜਾ ਹੋਇਆ ਸੀ (ਮੱਤੀ 20:20-28)। (2) ਪਹਿਲੀ ਕਲੀਸੀਆ ਵਿਚ ਝਗੜਾ ਹੋਇਆ ਸੀ ਜਿਵੇਂ ਕਿ ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਪਤਾ ਲਗਦਾ ਹੈ। ਰਸੂਲਾਂ ਦੇ ਕੰਮ 6:1 ਦੇ ਅਨੁਸਾਰ ''ਯੂਨਾਨੀ ਭਾਸ਼ਾ ਬੋਲਣ ਵਾਲੇ ਇਬਰਾਨੀਆਂ ਉੱਤੇ ਬੁੜਬੁੜਾਉਣ ਲੱਗੇ'' (ਰਸੂਲਾਂ ਦੇ ਕੰਮ 15 ਅਧਿਆਇ ਵੀ ਵੇਖੋ)। (3) ਕੁਰਿੰਥੁਸ ਦੀ ਕਲੀਸੀਆ ਵਿਚ ਝਗੜੇ ਦਾ ਕਾਰਣ ਹੀ ਫੁਟ ਪੈਣੀ ਸੀ (1 ਕੁਰਿੰਥੀਆਂ 1:11)। (4) ਫਿਲਿੱਪੈ ਦੀ ਪਿਆਰੀ ਕਲੀਸੀਆ ਵਿਚ ਵੀ ਝਗੜਾ ਹੋਇਆ ਸੀ; ਦੋ ਔਰਤਾਂ ਨੂੰ ਨਾਲ ਮਿਲਕੇ ਰਹਿਣ ਦੀ ਬੇਨਤੀ ਕੀਤੀ ਗਈ ਸੀ (ਫ਼ਿਲਿੱਪੀਆਂ 4:2)। (5) ਝਗੜਾ ਹੋਰ ਵੀ ਕਈ ਥਾਂ ਸੀ, ਕਿਉਂਕਿ ਪੱਤਰੀਆਂ ਦੀਆਂ ਆਇਤਾਂ ਵਿਚ ਇਸ

ਮੁਸ਼ਕਿਲਾਂ ਦਾ ਸਾਹਮਣੇ ਜਾਂ ਲੁਕਿਆਂ ਹੋਇਆਂ ਦੇ ਰੂਪ ਵਿਚ ਲੇਖ ਹੈ (ਉਦਾਹਰਣ ਲਈ ਰੋਮੀਆਂ 14:19 ਅਧਿਆਇ)। (6) ਅੱਜ ਇਸ ਤਰ੍ਹਾਂ ਦੀ ਕਲੀਸੀਆ ਲੱਭਣਾ ਬਹੁਤ ਮੁਸ਼ਕਿਲ ਹੈ ਜਿਸ ਵਿਚ ਕੋਈ ਝਗੜਾ ਨਾ ਹੋਵੇ।

## ਝਗੜੇ ਨੂੰ ਦੂਰ ਕਿਵੇਂ ਕੀਤਾ ਜਾ ਸਕਦਾ ਹੈ?

ਝਗੜੇ ਨੂੰ ਘੱਟ ਕਰਨ ਲਈ ਦੋ ਗੱਲਾਂ ਜ਼ਰੂਰੀ ਹਨ: ਪਰਹੇਜ਼ ਅਤੇ ਇਲਾਜ।

### ਝਗੜੇ ਦਾ ਪਰਹੇਜ਼

ਸਭ ਤੋਂ ਚੰਗਾ ਇਲਾਜ ਤਾਂ ਪਰਹੇਜ਼ ਹੀ ਹੈ। ਏਕਤਾ ਪਾਉਣ ਲਈ ਕੋਈ ਵੀ ਕੋਸ਼ਿਸ਼ ਝਗੜੇ ਨੂੰ ਘੱਟ ਹੀ ਕਰੇਗੀ। ਕਲੀਸੀਆ ਦੇ ਆਗੂ ਹੇਠਾਂ ਲਿਖੀਆਂ ਗੱਲਾਂ ਨਾਲ ਮਦਦ ਕਰ ਸਕਦੇ ਹਨ।

*ਪ੍ਰਚਾਰ ਅਤੇ ਸਿੱਖਿਆ ਦੁਆਰਾ* । ਨਮੂਨੇ ਦੇ ਤੌਰ ਤੇ, ਕਲੀਸੀਆ ਨੂੰ ਇਸ ਵਿਸ਼ੇ ਉੱਤੇ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਪੈਦਾ ਹੋਣ ਤੋਂ ਪਹਿਲਾ ਹੀ ਪ੍ਰਚਾਰ ਕਰਨਾ ਅਤੇ ਸਿਖਾਉਣਾ ਚਾਹੀਦਾ ਹੈ। ਕਲੀਸੀਆ ਦੇ ਮੈਂਬਰਾਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਮਸੀਹ ਚਾਹੁੰਦਾ ਹੈ ਕਿ ਉਸ ਦੇ ਲੋਕ ਇਕ ਰਹਿਣ (ਯੂਹੰਨਾ 17:20, 21) ਅਤੇ ''ਮਿਲਾਪ ਦੇ ਬੰਧ ਵਿਚ ਆਤਮਾ ਦੀ ਏਕਤਾ ਦੀ ਪਾਲਨਾ ਕਰਨ ਦਾ ਜਤਨ'' ਕਰੋ (ਅਫ਼ਸੀਆਂ 4:3)। ਉਨ੍ਹਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਖ਼ੁਦਾ ਫੁੱਟ ਪਾਉਣ ਵਾਲੇ ਪਾਪ ਤੋਂ ਨਫ਼ਰਤ ਕਰਦਾ ਹੈ (ਕਹਾਉਤਾਂ 6:19) ਅਤੇ ਮਸੀਹ ਚਾਹੁੰਦਾ ਹੈ ਕਿ ਅਸੀਂ ਲੋਕਾਂ ਵਿਚ ਪਿਆਰ ਕਰਨ ਵਾਲੇ ਲੋਕਾਂ ਦੇ ਰੂਪ ਵਿਚ ਜਾਣੇ ਜਾਈਏ (ਯੂਹੰਨਾ 13:34, 35)। ਕਹਾਉਤਾਂ ਦੇ ਅਨੁਸਾਰ ਉਨ੍ਹਾਂ ਨੂੰ ਇਹ ਸਿਖਾਉਣਾ ਚਾਹੀਦਾ ਹੈ, ਕਿ ਸਮਝਦਾਰ ਆਦਮੀ ਝਗੜੇ ਤੋਂ ਦੂਰ ਰਹਿੰਦਾ ਹੈ:

> ਵੈਰ ਝਗੜੇ ਛੇੜਦਾ ਹੈ, ਪਰ ਪ੍ਰੇਮ ਸਭਨਾਂ ਅਪਰਾਧਾਂ ਨੂੰ ਢੱਕ ਲੈਂਦਾ ਹੈ (10:12)।
>
> ਟੇਢਾ ਮਨੁੱਖ ਝਗੜੇ ਚੁੱਕਦਾ ਹੈ, ਅਤੇ ਚੁਗਲੀ ਕਰਨ ਵਾਲਾ ਜਾਨੀ ਦੋਸਤਾਂ ਵਿਚ ਫੁੱਟ ਪਾਉਂਦਾ ਹੈ (16:28)।
>
> ਝਗੜੇ ਦਾ ਮੁੱਢ ਪਾਣੀ ਦੇ ਵਹਾਅ ਵਰਗਾ ਹੈ, ਇਸ ਲਈ ਝਗੜਾ ਛਿੜਨ ਤੋਂ ਪਹਿਲਾਂ ਉਹਨੂੰ ਛੱਡ ਦੇ (17:14)।
>
> ਮੂਰਖ ਦੇ ਬੁੱਲ੍ਹ ਝਗੜਾ ਲਿਆਉਂਦੇ ਹਨ, ... (18:6)।
>
> ਝਗੜੇ ਤੋਂ ਬਚਣ ਨਾਲ ਆਦਮੀ ਦਾ ਆਦਰ ਹੁੰਦਾ ਹੈ, ਪਰ ਹਰੇਕ ਮੂਰਖ ਝਗੜੇ ਛੇੜਦਾ ਹੈ (20:3)।
>
> ਲੋਭੀ ਪੁਰਖ ਝਗੜਾ ਛੇੜਦਾ ਹੈ, ... (28:25)।
>
> ਕ੍ਰੋਧੀ ਮਨੁੱਖ ਲੜਾਈ ਛੇੜਦਾ ਹੈ, ਅਤੇ ਗੁੱਸੇ ਵਾਲਾ ਅਪਰਾਧ ਵਧਾਉਂਦਾ ਹੈ

(29:22)।

> ਕਿਉਂ ਜੋ ਦੁੱਧ ਰਿੜਕਣ ਨਾਲ ਮੱਖਣ ਨਿੱਕਲਦਾ ਹੈ, ਅਤੇ ਨੱਕ ਮਰੋੜਨ ਨਾਲ ਲਹੂ ਨਿੱਕਲਦਾ ਹੈ, ਅਤੇ ਕ੍ਰੋਧ ਭੜਕਾਉਣ ਨਾਲ ਲੜਾਈ ਉੱਠਦੀ ਹੈ (30:33)।

ਉਨ੍ਹਾਂ ਨੂੰ ''ਬੁੜ ਬੁੜ ਕਰਨ ਵਾਲਿਆਂ ਅਤੇ ਪਰਾਇਆਂ ਕੰਮਾਂ ਵਿਚ ਲੱਤ ਅੜਾਉਣ ਵਾਲਿਆਂ ਅਤੇ ਅਯੋਗ ਗੱਲਾਂ'' ਬੋਲਣ ਵਾਲਿਆਂ ਦੇ ਖ਼ਿਲਾਫ਼ ਵੀ ਚਿਤਾਵਨੀ ਦੇਣੀ ਚਾਹੀਦੀ ਹੈ (1 ਤਿਮੋਥਿਉਸ 5:13; ਰੋਮੀਆਂ 1:29 ਅਤੇ 2 ਕੁਰਿੰਥੀਆਂ 12:20 ਵੀ ਵੇਖੋ)। ਬੇਸ਼ੱਕ ਇਹ ਸਾਰੀ ਸਿੱਖਿਆ *ਪਿਆਰ ਨਾਲ* ਅਤੇ *ਸੱਚਾਈ ਦੀ* ਹੋਵੇ (ਅਫ਼ਸੀਆਂ 4:15)।

*ਏਕਤਾ ਦਾ ਨਮੂਨਾ ਦੇ ਕੇ।* ਕਲੀਸੀਆ ਦੇ ਆਗੂਆਂ ਨੂੰ ਏਕਤਾ ਪੇਸ਼ ਕਰਨੀ ਚਾਹੀਦੀ ਹੈ। ਜੇ ਐਲਡਰ ਅਤੇ ਪ੍ਰਚਾਰਕ ''ਆਪਸ ਵਿਚ ਮਿਲ ਕੇ'' (ਜ਼ਬੂਰ 133:1) ਨਹੀਂ ਰਹਿੰਦੇ ਤਾਂ ਉਹ ਮੰਡਲੀ ਦੇ ਦੂਜੇ ਮੈਂਬਰਾਂ ਤੋਂ ਇਸ ਦੀ ਆਸ ਕਿਵੇਂ ਕਰ ਸਕਦੇ ਹਨ?

*ਲੋਕਾਂ ਨੂੰ ਮਿਲ ਕੇ।* ਕਲੀਸੀਆ ਦੇ ਆਗੂਆਂ ਨੂੰ ਅਜਿਹੀ ਕਲੀਸੀਆ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜੋ ਪਿਆਰ ਨਾਲ ਹਿੱਸੇਦਾਰੀ ਰੱਖਦੀ ਹੈ, ਜਿਸ ਵਿਚ ''ਪਰਿਵਾਰਕ ਮਾਹੌਲ'' ਹੋਵੇ ਅਤੇ ਇਕ ਦੂਜੇ ਨੂੰ ''ਭਰਾ'' ਅਤੇ ''ਭੈਣ'' ਆਖਿਆ ਜਾਂਦਾ ਹੋਵੇ। ਇਸ ਤਰ੍ਹਾਂ ਕਿਵੇਂ ਹੋ ਸਕਦਾ ਹੈ?

ਸ਼ੁਰੂ ਕਰਨ ਲਈ, ਉਹ ਬੰਦਗੀਆਂ ਦੇ ਇਲਾਵਾ ਬਾਈਬਲ ਕਲਾਸਾਂ, ਕੰਮ ਦੇ ਹੋਰ ਦਿਨਾਂ ਵਿਚ, ਖਾਸ ਪ੍ਰੋਜੈਕਟਾਂ ਆਦਿ ਲਈ ਉਨ੍ਹਾਂ ਨੂੰ ਇਕ ਦੂਜੇ ਨਾਲ ਮਿਲਣ ਦਾ ਮੌਕਾ ਦੇ ਸਕਦੇ ਹਨ, ਜਿਸ ਨਾਲ ਮਸੀਹੀ ਲੋਕਾਂ ਲਈ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਨ ਦਾ ਮੌਕਾ ਮਿਲ ਸਕਦਾ ਹੈ। ਖਾਸ ਕਰਕੇ ਮਿਲ ਕੇ ਖਾਣਾ ਖਾਣਾ ਕਲੀਸੀਆ ਲਈ ਚੰਗਾ ਮੌਕਾ ਹੋ ਸਕਦਾ ਹੈ। ਜੇ ਸੰਤਾਂ ਨਾਲ ''ਸੰਗਤੀ ਤੋੜਨ'' ਲਈ ''ਖਾਣਾ ਵੀ ਖਾਣਾ'' ਜ਼ਰੂਰੀ ਹੈ (1 ਕੁਰਿੰਥੀਆਂ 5:11), ਤਾਂ ''ਸੰਗਤੀ ਰੱਖਣ'' ਲਈ ਖਾਣਾ ਖਾਣਾ ਵੀ ਉਨ੍ਹਾਂ ਦੀ ਜ਼ਰੂਰਤ ਹੈ।

*ਕਲੀਸੀਆ ਵਿਚ ਦੋਸਤੀ ਵਾਲਾ ਮਾਹੌਲ ਬਣਾ ਕੇ।* ਅਜਿਹਾ ਮਾਹੌਲ ਬਣਾਉਣ ਲਈ ਕਲੀਸੀਆ ਦੇ ਆਗੂ ਬੰਦਗੀਆਂ ਨੂੰ ਜੋਸ਼ੀਲੀਆਂ ਬਣਾ ਸਕਦੇ ਹਨ। ਜਦ ਬੰਦਗੀ ਬੇਸੁਆਦ ਹੋਵੇ ਭਾਵ ਗਾਉਣ ਵਿਚ ਕੋਈ ਜੋਸ਼ ਨਾ ਹੋਵੇ ਅਤੇ ਪ੍ਰਚਾਰ ਪੂਰੀ ਤਰ੍ਹਾਂ ਨਕਾਰਾਮਤਕ ਹੋਵੇ, ਤਾਂ ਲੋਕ ਨਿਰਾਸ਼ ਹੋ ਕੇ ਜਾ ਸਕਦੇ ਹਨ। ਜਿਸ ਨਾਲ ਉਹ ਨਾ ਤਾਂ ਖ਼ੁਦਾ ਦੇ ਨੇੜੇ ਆਉਣਗੇ ਅਤੇ ਨਾ ਲੋਕਾਂ ਦੇ, ਭਾਵ ਉਹ ਉਵੇਂ ਹੀ ਰਹਿਣਗੇ ਜਿਵੇਂ ਬੰਦਗੀ ਵਿਚ ਆਉਣ ਤੋਂ ਪਹਿਲਾਂ ਸਨ। ਦੂਜੇ ਪਾਸੇ, ਜੋਸ਼ ਨਾਲ ਭਰੇ ਗੀਤ ਗਾ ਕੇ ਅਤੇ ਜੋਸ਼ੀਲਾ ਪ੍ਰਚਾਰ ਕਰਕੇ ਗਰਮਜੋਸ਼ ਨਾਲ ਕੀਤੀ ਗਈ ਬੰਦਗੀ ਲੋਕਾਂ ਨੂੰ ਇਕ ਦੂਜੇ ਦੇ ਨੇੜੇ ਲਿਆ ਸਕਦੀ ਹੈ। ਇਸ ਦੇ ਇਲਾਵਾ ਆਗੂ ਲੋਕਾਂ ਨੂੰ ਨਾਮ ਤੋਂ ਜਾਣ ਸਕਦੇ ਹਨ, ਲੋਕਾਂ ਦੇ ਨਾਮ ਦੀ ਵਰਤੋਂ ਕਰਨ ਨੂੰ ਕੋਈ ਗੱਲ ਆਖ ਸਕਦੇ ਹਨ ਅਤੇ ਮੈਂਬਰਾਂ ਨੂੰ ਇਕ ਦੂਜੇ ਦੇ ਨਾਮ ਤੋਂ ਜਾਣ ਸਕਦੇ ਹਨ। ਬੀਮਾਰ, ਦੁਖੀ ਜਾਂ ਨਿਰਾਸ ਲੋਕਾਂ ਦਾ ਨਾਂਅ ਲੈ ਕੇ ਉਨ੍ਹਾਂ ਲਈ ਦੁਆ ਕਰਨ ਨੂੰ ਕਹਿਣਾ ਚਾਹੀਦਾ ਹੈ। ਇਸ ਦੇ ਇਲਾਵਾ ਕਲੀਸੀਆ ਦੇ ਆਗੂ ਜਦ ਵੀ ਸੰਭਵ ਹੋਵੇ ਜਿਵੇਂ ਵੀ ਹੋਵੇ, ਜਿੰਨੇ ਵੀ ਮੈਂਬਰਾਂ ਦੀ ਤਾਰੀਫ਼ ਕਰ ਸਕਦੇ ਹੋਣ, ਕਰਕੇ ਦੋਸਤਾਨਾ ਮਾਹੌਲ ਬਣਾ ਸਕਦੇ ਹਨ।

*ਕਈ ਤਰ੍ਹਾਂ ਦੇ ਵਿਚਾਰਾਂ ਨੂੰ ਥਾਂ ਦੇ ਕੇ।* ਕਲੀਸੀਆ ਦੇ ਆਗੂਆਂ ਨੂੰ ਇਸ ਤਰ੍ਹਾਂ ਦੀ ਸੰਗਤੀ

ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜਿਸ ਵਿਚ ਵੱਖ ਵੱਖ ਵਿਚਾਰਾਂ ਨੂੰ ਥਾਂ ਦਿੱਤੀ ਜਾ ਸਕਦੀ ਹੈ। ਸਭ ਸਵਾਲਾਂ ਤੇ ਸਖ਼ਤਾਈ ਨਾਲ ਨਿਅਮ ਬਣਾਉਣ ਦੀ ਕੋਸ਼ਿਸ਼ ਕਰਨ ਦਾ ਅਰਥ ਸ਼ਾਂਤੀ ਬਣਾਉਣ ਦੀ ਬਜਾਇ ਝਗੜਾ ਪੈਦਾ ਕਰਨਾ ਹੈ।

*ਅਗਵਾਈ ਕਰਨ ਦੇ ''ਖੁਲ੍ਹੇ'' ਢੰਗ ਅਪਣਾ ਕੇ।* ਕਲੀਸੀਆ ਦੇ ਆਗੂਆਂ ਨੂੰ ਆਪਣੀਆਂ ਯੋਜਨਾਵਾਂ ਅਤੇ ਦਿਲਚਸਪੀਆਂ ਬਾਰੇ, ਸਮੇਂ ਸਮੇਂ ਤੇ ਆਪਣੇ ਧਿਆਨ ਵਿਚ ਆਉਣ ਵਾਲੀਆਂ ਗੱਲਾਂ ਵਿਚ ਮੈਂਬਰਾਂ ਨੂੰ ਸਭ ਗੱਲਾਂ ਬਾਰੇ ਦੱਸਣ ਅਤੇ ਸੁਝਾਅ ਲੈਣ ਅਤੇ ਮਦਦ ਦਾ ਸੁਆਗਤ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਉਨ੍ਹਾਂ ਨੂੰ ਦੇਖਣਾ ਚਾਹੀਦਾ ਹੈ ਕਿ ਫ਼ੈਸਲੇ ਬਹੁਮਤ ਦੀ ਬਜਾਇ ਸਭ ਦੀ ਸਲਾਹ ਨਾਲ ਅਤੇ ਸਭ ਤੋਂ ਸਲਾਹ ਲੈਣ ਦੇ ਬਾਅਦ ਲਏ ਜਾਂਦੇ ਹਨ। ਕਲੀਸੀਆ ਦੇ ਆਗੂਆਂ ਨੂੰ ਥੋੜ੍ਹੇ ਜਿਹੇ ਲੋਕਾਂ ਦੇ ਮੱਤ ਦੇ ਦਬਦਬੇ ਨਾਲ ਭਾਵ ਇਕ ਆਦਮੀ ਜਾਂ ਲੋਕਾਂ ਦੇ ਕਿਸੇ ਛੋਟੀ ਜਿਹੀ ਸੰਗਤੀ ਦੇ ਦਬਦਬਾ ਨਾਲ, ਜੋ ਦੂਜਿਆਂ ਦੀ ਸਲਾਹ ਦਾ ਵਿਰੋਧ ਕਰਕੇ ''ਕਲੀਸੀਆ ਨੂੰ ਚਲਾਉਣ'' ਲੱਗਦੇ ਹਨ, ਬਚਣਾ ਚਾਹੀਦਾ ਹੈ। ਇਸ ਤਰ੍ਹਾਂ ਹੋਣ ਤੋਂ ਰੋਕਣ ਲਈ, ਉਸ ਨਾਲ ਸਾਫ਼ ਸਾਫ਼ ਆਖ ਦੇਣਾ ਚਾਹੀਦਾ ਹੈ ਕਿ ''ਅਸੀਂ ਕਲੀਸੀਆ ਦੇ ਹਰ ਮੈਂਬਰ ਦੀ ਇੱਜ਼ਤ ਕਰਦੇ ਹਾਂ। ਅਸੀਂ ਸੱਚੇ ਮਨੋਂ ਵਿਚਾਰਾਂ ਦਾ ਸੁਆਗਤ ਕਰਦੇ ਹਾਂ। ਜੇ, ਤੁਹਾਡੀ ਗੱਲ ਸੁਣਨ ਦੇ ਬਾਅਦ ਸਾਨੂੰ ਲੱਗਦਾ ਹੈ ਕਿ ਉਸ ਨਾਲ ਕੋਈ ਚੰਗੀ ਗੱਲ ਸਾਹਮਣੇ ਆਈ ਹੈ, ਅਤੇ ਜ਼ਿਆਦਾਤਰ ਮੈਂਬਰ ਉਸ ਨਾਲ ਸਹਿਮਤ ਹਨ, ਤਾਂ ਅਸੀਂ ਤੁਹਾਡੀ ਸਲਾਹ ਦੀ ਥਾਂ ਉਸ ਨੂੰ ਪਹਿਲ ਦਿਆਂਗੇ। ਅਜਿਹਾ ਹੋਣ ਤੇ, ਸਾਨੂੰ ਆਸ ਹੈ ਕਿ ਤੁਸੀਂ ਇਸ ਨੂੰ ਆਪਣੀ ਸ਼ਾਨ ਦੇ ਖਿਲਾਫ਼ ਨਹੀਂ ਮੰਨੋਗੇ, ਸਗੋਂ ਸਾਡੇ ਨਾਲ ਪਹਿਲਾ ਵਾਂਗ ਕੰਮ ਕਰਦੇ ਰਹੋਗੇ, ਸਾਡੀ ਮਦਦ ਕਰੋਗੇ ਅਤੇ ਸਾਡੇ ਨਾਲ ਦੁਆ ਕਰੋਗੇ ਕਿ ਪ੍ਰਭੂ ਦੇ ਮਹਾਨ ਕੰਮ ਨੂੰ ਮਿਲ ਕੇ ਪੂਰਾ ਕਰੀਏ। ਸਾਨੂੰ ਤੁਹਾਡੀ ਲੋੜ ਹੈ''।

**ਝਗੜੇ ਦਾ ਇਲਾਜ**

ਅਸੀਂ ਭਾਵੇਂ ਇਸਦੇ ਖ਼ਿਲਾਫ਼ ਕਿੰਨਾ ਵੀ ਪ੍ਰਚਾਰ ਜਾਂ ਕੰਮ ਕਰੀਏ ਜਾਂ ਇਸ ਤੋਂ ਬਚਣ ਦੀ ਕੋਸ਼ਿਸ਼ ਕਰੀਏ, ਪਰ ਸਥਾਨਕ ਕਲੀਸੀਆ ਵਿਚ ਝਗੜਾ ਹੋ ਹੀ ਜਾਵੇਗਾ। ਫਿਰ ਕੀ ਕੀਤਾ ਜਾ ਸਕਦਾ ਹੈ?

ਮੁਸ਼ਕਿਲ ਨੂੰ ਸਮਝ ਕੇ ਉਸ ਦਾ ਹੱਲ ਕਰਨਾ ਚਾਹੀਦਾ ਹੈ। ਰਸੂਲਾਂ ਦੇ ਕੰਮ 6 ਅਧਿਆਇ ਵਿਚ, ਕਲੀਸੀਆ ਦੇ ਆਗੂਆਂ ਨੇ ਇਹ ਵੇਖਣ ਲਈ ਉਡੀਕ *ਨਹੀਂ* ਕੀਤੀ ਕਿ ਝਗੜਾ ਕਿਵੇਂ ਖ਼ਤਮ ਹੋਵੇਗਾ ਜਾਂ ਇਹ ਨਹੀਂ ਸੋਚਿਆ ਕਿ ਮੁਸ਼ਕਿਲ ਪੈਦਾ ਕਰਨ ਵਾਲੇ ਗੜਬੜ ਕਰਨ ਵਾਲੇ ਲੋਕ ਹਨ ਇਸ ਲਈ ਉਸ ਦੀ ਸ਼ਿਕਾਇਤ ਸੁਣਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਨੇ ਬੁੜਬੁੜਾਉਣ ਦੇ ਵਿਰੁੱਧ ਜਾਂ ਕਲੀਸੀਆ ਨੂੰ ਆਪਣਾ ਫ਼ੈਸਲਾ ਖੁਦ ਲੈਣ ਦਾ ਪ੍ਰਚਾਰ ਨਹੀਂ ਕੀਤਾ ਸਗੋਂ ਉਨ੍ਹਾਂ ਨੇ ਮੁਸ਼ਕਿਲ ਦਾ ਹੱਲ ਕੀਤਾ। ਉਵੇਂ ਹੀ ਅੱਜ ਵੀ ਝਗੜੇ ਦਾ ਖਾਤਮਾ ਕੀਤਾ ਜਾਣਾ ਜ਼ਰੂਰੀ ਹੈ। ਜਿਵੇਂ ਪੌਲੁਸ ਨੇ ਯੂਓਦੀਆ ਅਤੇ ਸੁੰਤੁਖੇ ਨੂੰ ਇਕ ਮਨ ਰਹਿਣ ਦੀ ਬੇਨਤੀ ਕੀਤੀ ਸੀ (ਫ਼ਿਲਿੱਪੀਆਂ 4:2) ਉਵੇਂ ਹੀ ਕਲੀਸੀਆ ਦੇ ਆਗੂਆਂ ਨੂੰ ਭਰਾਵਾਂ ਦਰਮਿਆਨ ਸਮਝੌਤਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜੋ ਸਹਿਮਤ ਨਾ ਹੋਣ। ਕਿਵੇਂ?

ਪਹਿਲਾਂ ਤਾਂ, *ਕਲੀਸੀਆ ਦੇ ਆਗੂ ਉਨ੍ਹਾਂ ਨਾਲ ਵੱਖੋ-ਵੱਖ ਗੱਲ ਕਰ ਕੇ ਸਮਝੌਤਾ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ, ਜੋ ਮੰਨ ਨਾ ਰਹੇ ਜਾਂ ਘੱਟੋ-ਘੱਟ ''ਨਾ ਸਮਝਣਾ ਚਾਹੁੰਦੇ'' ਹੋਣ।*

ਉਹ ਫੁੱਟ ਪਾਉਣ ਵਾਲੇ ਮੁੱਦੇ ਨੂੰ ਹੱਲ ਕਰਨ ਵਿਚ ਮਦਦ ਮਰਨ ਦੀ ਕੋਸ਼ਿਸ਼ ਕਰ ਕੇ ਦੋਹਾਂ ਧਿਰਾਂ ਵਿਚ ਸਮਝੌਤਾ ਕਰਵਾ ਕੇ ਸ਼ਾਂਤੀ ਕਾਇਮ ਕਰਨ ਵਿਚ ਯੋਗਦਾਨ ਦੇ ਸਕਦੇ ਹਨ। ਜੇ ਝਗੜਾ ਕਰਨ ਵਾਲੇ ਉਸ ਸਵਾਲ ਤੇ ਇਕ ਵਿਚਾਰ ਹੋ ਜਾਂਦੇ ਹਨ ਤਾਂ ਸਮਝੋ ਮੁਸ਼ਕਿਲ ਦਾ ਹੱਲ ਹੋ ਗਿਆ। ਜੇ ਉਹ ਦੋਵੇਂ ਇਸ ਗੱਲ ਨਾਲ ਸਹਿਮਤ ਹਨ ਕਿ ਮੁੱਦਾ ਵਿਸ਼ਵਾਸ ਦੀ ਗੱਲ ਨਹੀਂ ਹੈ, ਤਾਂ ਉਹ ''ਅਸਹਿਮਤ ਹੋਣ ਲਈ ਸਹਿਮਤ'' ਹੋ ਜਾਣਗੇ। ਫਿਰ ਵੀ ਜੇ ਕੋਈ ਇਹ ਮੰਨਦਾ ਹੈ ਕਿ ਮੱਤਭੇਦ ਵਿਸ਼ਵਾਸ ਬਾਰੇ ਹਨ ਤਾਂ ਮੁਸ਼ਕਿਲ ਅਜੇ ਵੀ ਹੱਲ ਨਹੀਂ ਹੋਈ।[4] ਜੇ ਕੋਈ ਧਿਰ ਇਸ ਵਿਚਾਰ ਨੂੰ ਮੰਨਣ ਨੂੰ ਤਿਆਰ ਹੈ ਕਿ ਇਹ ਮੁੱਦਾ ਵਿਸ਼ਵਾਸ ਦਾ ਨਹੀਂ ਹੈ, ਤਾਂ ਸ਼ਾਇਦ ਉਹ ਹੁਣ ਵੀ ਇਹੀ ਮੰਨਦੇ ਹੋਣਗੇ ਕਿ ਉਹ ਐਨੀ ਅਹਿਮ ਗੱਲ ਹੈ ਕਿ ਉਹ ਇਸ ਤੇ ਸਹਿਮਤ ਨਹੀਂ ਹੋ ਸਕਦੇ। ਪ੍ਰਚਾਰਕ ਨੂੰ ਨਿਯੁਕਤ ਕਰਨ ਜਾਂ ਕੱਢਣ ਜਾਂ ਪ੍ਰਾਰਥਨਾ ਭਵਨ ਨੂੰ ਗੈਰਧਾਰਮਿਕ ਕੰਮਾਂ ਲਈ ਵਰਤਿਆ ਜਾਵੇ ਜਾਂ ਨਾ, ਦਾ ਸਵਾਲ ਐਨਾ ਮਹੱਤਵਪੂਰਨ ਹੋ ਸਕਦਾ ਹੈ ਦੋਹਾਂ ਪਹਿਲੂਆਂ ਨੂੰ ਲੱਗੇ ਕਿ ਉਹ ਇਸ ਗੱਲ ਤੇ ਸਹਿਮਤ ਨਹੀਂ ਹੋ ਸਕਦੇ।

*ਦੂਜਾ, ਜੇ ਝਗੜੇ ਵਿਚ ਸ਼ਾਮਿਲ ਲੋਕਾਂ ਵਿਚ ਸਹਿਮਤੀ ਨਾ ਹੋਵੇ, ਤਾਂ ਕਲੀਸੀਆ ਦੇ ਆਗੂ ਇਸ ਮੁੱਦੇ ਨੂੰ ਸੁਲਝਾਉਣ ਲਈ ਖੁੱਲੀ ਗੱਲ ਕਰਨ ਦਾ ਮੌਕਾ ਦੇ ਸਮਦੇ ਹਨ।* ਅਸਲ ਵਿਚ ਜੇ ਕਿਸੇ ਵਿਸ਼ੇ ਤੇ ਬਹਿਸ ਹੋ ਜਾਏ, ਤਾਂ ਕਈ ਵਾਰ ਸਭਾ ਬੁਲਾਈ ਜਾ ਸਕਦੀ ਹੈ। ਸਭਾ (ਜਾਂ ਸਭਾਵਾਂ) ਰੂਪਰੇਖਾ ਤਿਆਰ ਕਰਕੇ ਹੋਣੀ ਚਾਹੀਦੀ ਹੈ। ਜਿਸ ਵਿਚ ਹੇਠ ਲਿਖੀਆਂ ਗੱਲਾਂ ਨੂੰ ਮਿਲਾਇਆ ਜਾ ਸਕਦਾ ਹੈ।

(1) *ਖ਼ੁਦਾ ਤੋਂ ਅਗਵਾਈ ਮੰਗੋ।* ਇਸ ਪ੍ਰਕਿਰਿਆ ਵਿਚ ਦੁਆ ਇਕ ਅਹਿਮ ਹਿੱਸਾ ਹੋਣਾ ਚਾਹੀਦਾ ਹੈ। ਜੇ ਅਸੀਂ ''ਲਗਾਤਾਰ ਪ੍ਰਾਰਥਨਾ ਵਿਚ'' ਲੱਗੇ ਰਹਿਣਾ ਚਾਹੁੰਦੇ ਹਾਂ (1 ਥੱਸਲੁਨੀਕੀਆਂ 5:17; ਲੂਕਾ 18:1; ਰੋਮੀਆਂ 12:12; ਕੁਲੁੱਸੀਆਂ 4:2 ਵੀ ਵੇਖੋ), ਤਾਂ ਯਕੀਨਨ ਇਕੱਠੇ ਹੋਣ ਲੱਗਿਆਂ ਸਾਨੂੰ ਫੁੱਟ ਪਾਉਣ ਵਾਲੀਆਂ ਗੱਲਾਂ ਨੂੰ ਖ਼ਤਮ ਕਰਨ ਲਈ ਵੀ ਦੁਆ ਕਰਨੀ ਚਾਹੀਦੀ ਹੈ। ਸਾਨੂੰ ਉਮੀਦ ਕਰਨੀ ਚਾਹੀਦੀ ਹੈ ਕਿ ਸ਼ਾਂਤੀ ਅਤੇ ਏਕਤਾ ਲਈ ਕੀਤੀਆਂ ਸਾਡੀਆਂ ਦੁਆਵਾਂ ਦਾ ਜਵਾਬ ਮਿਲੇਗਾ (ਮੱਤੀ 7:7, 8; 1 ਯੂਹੰਨਾ 5:14, 15)।

(2) *ਸ਼ਖ਼ਸੀਅਤ ਤੇ ਨਹੀਂ ਬਲਕਿ ਮੁੱਦਿਆਂ ਤੇ ਧਿਆਨ ਦਿਓ।* ਜ਼ੋਰ ਸ਼ਖ਼ਸੀਅਤ ਤੇ ਨਹੀਂ ਬਲਕਿ ਉਸ ਮੁੱਦੇ ਤੇ ਦਿੱਤਾ ਜਾਣਾ ਚਾਹੀਦਾ ਹੈ ਜਿਸ ਨੂੰ ਹੱਲ ਕੀਤਾ ਜਾਵੇ। ਬਹਿਸ ਮੁਕਾਉਣ ਦਾ ਸਭ ਤੋਂ ਵਧੀਆ ਢੰਗ ਉਸ ਨੂੰ ਕਲੀਸੀਆ ਸਾਹਮਣੇ ਆਈ ਚੁਣੌਤੀ ਜਾਂ ਮੁਸ਼ਕਿਲ ਦੇ ਰੂਪ ਵਿਚ ਵੇਖਣਾ ਹੈ। ਆਗੂਆਂ ਨੂੰ ''ਤੇਰਾ ਮੇਰਾ'' ਭਾਵ ਨਿੱਜੀ ਝਗੜਾ ਬਣਾਉਣ ਦੀ ਬਜਾਇ ਚਰਚਾ ਨੂੰ ਗ਼ੈਰ ਨਿੱਜੀ ਬਨਾਉਣਾ ਚਾਹੀਦਾ ਹੈ। ਸਵਾਲ ਨੂੰ ਇਵੇਂ ਘੁਮਾ ਦੇਣਾ ਚਾਹੀਦਾ ਹੈ ''ਕਲੀਸੀਆ ਦੇ ਸਾਹਮਣੇ ਇਹ ਹਾਲਾਤ ਹਨ। ਇਹ ਮੁੱਦੇ ਹਨ। ਹੁਣ ਇਸ ਦਾ ਹੱਲ ਕੀ ਹੈ ਅਤੇ ਬੇਹਤਰੀਨ ਹੱਲ ਕੀ ਹੈ?''

(3) *ਦੁਸ਼ਮਣੀ ਦੀ ਭਾਵਨਾ ਤੇ ਕਾਬੂ ਪਾਉਣਾ।* ਨਿੱਜੀ ਦੁਸ਼ਮਣੀ ਨੂੰ ਜਿਸ ਨਾਲ ਕੋਈ ਵੀ ਮੁੱਦਾ ਗਰਮ ਹੋ ਜਾਂਦਾ ਹੈ, ਮੁੱਦਿਆਂ ਨੂੰ ਹੱਲ ਕਰਨ ਤੋਂ ਪਹਿਲਾਂ ਹੀ ਖ਼ਤਮ ਕਰ ਦੇਣਾ ਚਾਹੀਦਾ ਹੈ। ਉਦਾਹਰਣ ਲਈ ਜੇ ਕਲੀਸੀਆ ਦਾ ਕੋਈ ਆਗੂ ਜੋ ਇਸ ਵਿਚ ਸ਼ਾਮਿਲ ਹੋਵੇ, ਆਪਣੇ ''ਵਿਰੋਧੀ'' ਨਾਲ ਨਫ਼ਰਤ ਰੱਖਦਾ ਹੈ, ਤਾਂ ਉਸ ਨੂੰ ਆਪਣੇ ਆਪ ਵਿਚ ਆਪਣੀ ਇਸ ਭਾਵਨਾ ਨੂੰ ਮੰਨ ਲੈਣਾ ਚਾਹੀਦਾ ਹੈ ਅਤੇ ਫਿਰ ਉਸ ਤੇ ਕਾਬੂ ਪਾਉਣ ਲਈ ਕੁਝ ਵੀ ਯਾਦ ਰੱਖ ਸਕਦਾ ਹੈ ਕਿ ਇਕ ਦੂਜੇ ਪ੍ਰਤੀ ਨਫ਼ਰਤ ਨੂੰ ਦੂਰ ਕਰਨ ਦਾ ਸਭ ਤੋਂ ਵਧੀਆ ਢੰਗ ਉਸ ਨੂੰ ਆਪਣਾ

ਦੋਸਤ ਬਣਾ ਲੈਣਾ ਹੈ।

(4) *ਸਾਫ਼ਗੋਈ ਦੀ ਮੰਗ ਕਰੋ।* ਹਰ ਕਿਸੇ ਨੂੰ ਆਪਣਾ ਵਿਚਾਰ ਰੱਖਣ ਦਾ ਮੌਕਾ ਮਿਲਣਾ ਚਾਹੀਦਾ ਹੈ। ਬੇਸ਼ੱਕ ਇਕ ਵਕਤ ਇੱਕੋ ਜਣਾ ਬੋਲ ਸਕਦਾ ਹੈ। ਕਿਸੇ ਨੂੰ ਵੀ ਚਰਚਾ ਤੇ ਪਰਬਲ ਹੋਣ ਦੀ ਆਗਿਆ ਨਹੀਂ ਹੋਣੀ ਚਾਹੀਦੀ ਹੈ। ਹਰ ਬੋਲਣ ਵਾਲੇ ਨੂੰ ਬਰਾਬਰ ਵਕਤ ਦਿੱਤਾ ਜਾਣਾ ਚਾਹੀਦਾ ਹੈ।

(5) *ਮਸੀਹ ਵਰਗਾ ਮਨ ਵਿਖਾਓ,* ਹਰ ਕਿਸੇ ਨੂੰ ਮਸੀਹੀ ਢੰਗ ਨਾਲ ਵਿਹਾਰ ਕਰਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਕਿਸੇ ਵੀ ਤਰ੍ਹਾਂ ਦਾ ਰੌਲਾ ਨਾ ਹੋਵੇ, ਨਿੱਜੀ ਇਲਜ਼ਾਮ ਨਾ ਲਾਏ ਜਾਣ, ਅਤੇ ਕਿਸੇ ਤਰ੍ਹਾਂ ਵੀ ਧਮਕੀ ਦੇਣ ਦੀ ਇਜਾਜ਼ਤ ਨਾ ਦਿਓ।

(6) *ਖੁੱਲ੍ਹਾਪਨ ਵਿਖਾਓ।* ਹੱਦ ਵਿਚ ਰਹਿੰਦਿਆਂ ਹਰ ਇਕ ਨੂੰ ਬਿਨਾਂ ਇਸ ਡਰ ਦੇ ਕਿ ਉਸ ਦਾ ਮਜ਼ਾਕ ਉਡਾਇਆ ਜਾਵੇਗਾ ਜਾਂ ਉਸ ਦੀ ਗੱਲ ਨਹੀਂ ਮੰਨੀ ਜਾਵੇਗੀ (ਭਾਵੇਂ ਉਸ ਦੇ ਵਿਚਾਰ ਨਾ ਵੀ ਮੰਨੇ ਜਾਣ) ਆਪਣੇ ਦਿਲ ਦੀ ਗੱਲ ਕਹਿਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। *ਬਹੁਤ ਸਾਰੇ ਮਾਮਲਿਆਂ ਵਿਚ ਸਿਰਫ਼ ''ਵਿਰੋਧੀ'' ਨੂੰ ਆਪਣੀ ਗੱਲ ਬੋਲਣ ਦੇਣ ਤੋਂ ਹੀ ਮੰਡਲੀ ਵਿਚ ਜ਼ਿਆਦਾਤਰ ਲੋਕਾਂ ਦੇ ਉਲਟ ਵਿਚਾਰ ਰੱਖਣ ਵਾਲੇ ਲੋਕਾਂ ਨੂੰ ਸ਼ਾਂਤ ਕੀਤਾ ਜਾ ਸਕਦਾ ਹੈ।*

(7) *ਜਜ਼ਬਾਤਾਂ ਅਤੇ ਤੱਥਾਂ ਨੂੰ ਧਿਆਨ ਵਿਚ ਰੱਖੋ।* ਚਰਚਾ ਵਿਚ ਭਾਗ ਲੈਣ ਵਾਲੇ ਸਭ ਲੋਕਾਂ ਦੀਆਂ ਭਾਵਨਾਵਾਂ ਅਤੇ ਜਜ਼ਬਾਤਾਂ ਦੀ ਕਦਰ ਕਰਨੀ ਚਾਹੀਦੀ ਹੈ। ਕੁਝ ਵਿਚਾਰਾਂ ਨੂੰ ਨਾ ਮੰਨਣਾ ਸੌਖਾ ਹੈ। ਕਿਉਂਕਿ ਉਨ੍ਹਾਂ ਦਾ ਅਧਾਰ ਤੱਥਾਂ ਦੀ ਬਜਾਇ ਭਾਵਨਾਵਾਂ ਹੁੰਦੀਆਂ ਹਨ। ਪਰ ਭਾਵਨਾਵਾਂ ਸੱਚਾਈ ਹੁੰਦੀਆਂ *ਹਨ।* ਲੋਕ ਜੋ ਅਹਿਸਾਸ ਕਰਦੇ ਹਨ ਉਹੀ ਗੱਲ ਸੱਚਾਈ ਬਣ ਜਾਂਦੀ ਹੈ। ਜਿਸ ਤੇ ਵਿਚਾਰ ਕਰਨਾ ਜ਼ਰੂਰੀ ਨਹੀਂ ਹੈ। ਸਾਰੀਆਂ ''ਸੱਚਾਈਆਂ'' ਜਾਂ ''ਤੱਤ'' ਇਕ ਹੀ ਦਿਸ਼ਾ ਦੀ ਵੱਲ ਸੰਕੇਤ ਕਰਦੇ ਹੋ ਸਕਦੇ ਹਨ, ਪਰ ਜੇਕਰ ਮੈਂਬਰਾਂ ਦੇ ਕਈ ਵਿਚਾਰ ਰੱਖਣ ਵਾਲਿਆਂ ਦੀ ''ਭਾਵਨਾਵਾਂ'' ਇਕ ਵਰਗੀ ਹੋਣ, ਤਾਂ ਉਹ ''ਸੱਚਾਈਆਂ'' ਨਾਲ ਭਾਰੀ ਹਸ ਸਕਦਾ ਹੈ।

(8) *ਸਮੇਂ ਦੀ ਹੱਦ ਰੱਖੋ।* ਚਰਚਾ ਲਈ ਸਮਾਂ ਠਹਿਰਾਇਆ ਜਾ ਸਕਦਾ ਹੈ, ਅਤੇ/ਜਾਂ ਕਿਸੇ ਨੂੰ ਉਸ ਸਭਾ ਦਾ ਇੰਚਾਰਜ ਮੁਕਰੱਰ ਕੀਤਾ ਜਾ ਸਕਦਾ ਹੈ। ਆਗੂ ਨੂੰ ਚਾਹੀਦਾ ਹੈ ਕਿ ਉਹ ਪੱਖਪਾਤ ਰਹਿਤ ਭੂਮਿਕਾ ਨਿਭਾਉਣ ਕਿਉਂਕਿ ਉਸ ਦਾ ਕੰਮ ਇਹ ਭਰੋਸਾ ਦੁਆਉਣਾ ਹੈ ਕਿ ਸਭ ਪਹਿਲੂਆਂ ਦੀ ਗੱਲ ਬਿਨਾਂ ਕਿਸੇ ਪੱਖਪਾਤ ਦੇ ਸੁਣੀ ਗਈ ਹੈ। ਅਤੇ ਚਰਚਾ ਨਿਚੋੜ ਵੱਲ ਵਧ ਰਹੀ ਹੈ। ਇਹ ਸਾਫ਼ ਹੋ ਜਾਣ ਤੇ ਕਿ ਐਨਾ ਕੁਝ ਕਹਿਣ ਦੇ ਬਾਦ ਹੋਰ ਕੁਝ ਨਹੀਂ ਨਿੱਕਲ ਸਕਦਾ, ਅਜਿਹੇ ਆਦਮੀ ਨੂੰ ਸਭਾ ਖ਼ਤਮ ਕਰਨ ਦਾ ਅਧਿਕਾਰ ਦਿੱਤਾ ਜਾਣਾ ਚਾਹੀਦਾ ਹੈ।

(9) *ਸਮਝੌਤਾ ਕਰਨ ਦੀ ਇੱਛਾ ਜਤਾਓ।* ਚਰਚਾ ਵਿਚ ਭਾਗ ਲੈਣ ਵਾਲਿਆਂ ਨੂੰ ਇਸ ਗੱਲ ਦੀ ਸਮਝ ਹੋਣੀ ਚਾਹੀਦੀ ਹੈ ਕਿ ਸਮਝੌਤਾ ਕਰਨਾ ਹਮੇਸ਼ਾ ਗ਼ਲਤ ਨਹੀਂ ਹੁੰਦਾ। ਕਈ ਵਾਰ ਕਿਸੇ ਬਹਿਸ ਵਿਚ ਫਸੇ ਹੋਏ ਸਵਾਲ ਤੇ ਸਭਾ ਸੁਝਾਵਾਂ ਤੇ ਪਹੁੰਚਣ ਲਈ ਜਿਸਦਾ ਸਬੰਧ ਕਿਸੇ ਕੰਮ ਨੂੰ ਕਰਨ ਦੇ ਢੰਗ ਨਾਲ ਹੋਵੇ (ਉਸ ''ਵਿਸ਼ਵਾਸ'' ਜਾਂ ''ਨਿਹਚਾ'' ਬਾਰੇ ਨਹੀਂ ਜੋ ਕਲੀਸੀਆ ਨੂੰ ''ਇੱਕੋ ਹੀ ਵਾਰ ਦਿੱਤੀ ਗਈ ਸੀ''), ਕਲੀਸੀਆ ਦੇ ਆਗੂਆਂ ਨੂੰ ਸਮਝੌਤਾ ਜਾਂ ਕਿਸੇ ਤਰ੍ਹਾਂ ਪ੍ਰੋਗਰਾਮ ਵਿਚ ਬਦਲਾਅ ਕਰਨਾ ਪੈ ਸਕਦਾ ਹੈ।

(10) *ਕਿਸੇ ਫ਼ੈਸਲੇ ਤੇ ਸਭ ਦੀ ਸਲਾਹ ਲੈ ਕੇ ਹੀ ਪਹੁੰਚੋ।* ਫ਼ੈਸਲੇ ਬਹੁਗਿਣਤੀ ਦੀਆਂ

ਵੋਟਾਂ ਨਾਲ ਨਹੀਂ ਬਲਕਿ ਸਭ ਦੀ ਸਲਾਹ ਨਾਲ ਲਏ ਜਾਣੇ ਚਾਹੀਦੇ ਹਨ।

*ਲੀਡਰਸ਼ਿਪ ਇਨ ਕ੍ਰਿਸਚਿਅਨ ਮਿਨਿਸਟਰੀ* ਵਿਚ ਜੇਮਸ ਮੀਨਜ਼ ਨੇ ਅੱਜ ਕਲੀਸੀਆ ਦੇ ਆਗੂਆਂ ਲਈ ਫ਼ੈਸਲੇ ਲੈਣ ਲਈ ਰਸੂਲਾਂ ਦੇ ਕੰਮ 15 ਅਧਿਆਇ ਦੀ ਵਰਤੋਂ ਕਰਦਿਆਂ ਕਲੀਸੀਆ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਸਭਾ (ਜਾਂ ਸਭਾਵਾਂ) ਲਈ ਬਦਲਵਾਂ ਨਮੂਨਾ ਦਿੱਤਾ ਹੈ। ਉਸ ਮੌਕੇ ਤੇ ਹੋਣ ਵਾਲੀਆਂ ਗੱਲਾਂ ਬਾਰੇ ਉਸ ਨੇ ਕਿਹਾ ਹੈ:

> ਜੇ ਅਸੀਂ ਮੁੱਢਲੀ ਕਲੀਸੀਆ ਦੇ ਤਰੀਕੇ ਨੂੰ ਵਧੀਆ ਨਮੂਨੇ ਦੇ ਰੂਪ ਵਿਚ ਮੰਨਦੇ ਹਾਂ, ਤਾਂ ਅਜੋਕੀ ਕਲੀਸੀਆ ਤੇ ਇਹ ਨਿਚੋੜ ਲਾਗੂ ਹੁੰਦੇ ਹਨ:
>
> ੳ. ਪੂਰੀ ਕਲੀਸੀਆ ਨੂੰ ਪ੍ਰਭਾਵਿਤ ਕਰਨ ਵਾਲੇ ਨੀਤੀਗਤ ਵੱਡੇ ਫੈਸਲੇ ਦਿਲਚਸਪੀ ਲੈਣ ਵਾਲੇ ਸਭ ਪੱਖਾਂ ਨਾਲ ਖੁੱਲ੍ਹੀ ਚਰਚਾ ਦੇ ਬਾਅਦ ਹੀ ਲਏ ਜਾਣੇ ਚਾਹੀਦੇ ਹਨ। ਆਗੂਆਂ ਨੂੰ ਅਜਿਹੀਆਂ ਸਭਾਵਾਂ ਦੀ ਪ੍ਰਧਾਨਗੀ ਕਰਨੀ ਚਾਹੀਦੀ ਹੈ, ਬਹਿਸ ਦੇ ਬਾਅਦ ਵਿਚ ਭਾਗ ਲੈਣਾ ਚਾਹੀਦਾ ਹੈ, ਮੱਤਭੇਦ ਸੁਣਨੇ ਚਾਹੀਦੇ ਹਨ, ਦਲੀਲ, ਤੱਥਾਂ ਅਤੇ ਗੰਭੀਰ ਭਾਵਨਾ ਨਾਲ ਪ੍ਰਭਾਵਿਤ ਕਰਨ ਦਾ ਯਤਨ ਕਰਨਾ ਚਾਹੀਦਾ ਹੈ ਅਤੇ ਫ਼ੈਸਲੇ ਲੈਣ ਲਈ ਕਲੀਸੀਆ ਦੀ ਅਗਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਠੋਕਰ ਭਾਵ ਬਹਿਸ ਨੂੰ ਸੀਮਤ ਕਰਕੇ ਜਾਂ ਬਹਿਸ ਵਾਲੇ ਭਾਵਨਾ ਭਰੇ ਮੁੱਦਿਆਂ ਤੇ ਇਕ ਤਰਫ਼ਾ ਫ਼ੈਸਲਾ ਲੈਣ ਦੇ ਢੰਗ ਅਪਣਾਉਣ ਤੋਂ ਬਚਣਾ ਚਾਹੀਦਾ ਹੈ। ਆਗੂਆਂ ਨੂੰ ਚਾਹੀਦਾ ਹੈ ਕਿ ਸਭ ਦੀ ਸਲਾਹ ਬਣਨ ਲਈ ਸਮਾਂ ਦੇਣ।
>
> ਅ. ਕਲੀਸੀਆ ਦੇ ਆਪਣੇ ਵੱਡੇ ਫ਼ੈਸਲਿਆਂ ਵਿਚ ਖ਼ੁਦਾ ਦੀ ਅਗਵਾਈ ਅਤੇ ਬਰਕਤ ਪਾਉਣ ਲਈ ਕਾਫ਼ੀ ਵਕਤ ਦੁਆ ਵਿਚ ਦਿੱਤਾ ਜਾਵੇ।
>
> ੲ. ਇਹ ਜਾਣਨ ਲਈ ਕਿ ਖ਼ੁਦਾ ਦੀ ਕੀ ਇੱਛਾ ਹੋ ਸਕਦੀ ਹੈ, ਸਭ ਮੇਲ ਖਾਂਦੀਆਂ ਆਇਤਾਂ ਦਾ ਅਧਿਐਨ ਹੋਣਾ ਚਾਹੀਦਾ ਹੈ। ਕਿਸੇ ਮੁੱਦੇ ਨੂੰ ਹੱਲ ਕਰਨ ਲਈ ਪਵਿੱਤਰ ਬਾਈਬਲ ਵਿੱਚੋਂ ਦੱਸਣਾ ਕਲੀਸੀਆ ਦੇ ਐਲਡਰਾਂ ਦੀ ਮੁੱਖ ਜ਼ਿੰਮੇਵਾਰੀ ਹੈ। ਜਿਨ੍ਹਾਂ ਨੇ ਬਾਈਬਲ ਦੀ ਸਮਝ ਦੀ ਚੰਗੀ ਸਿਖਿਆ ਪਾਈ ਹੈ। ਬਾਈਬਲ ਬਹਿਸ ਦੇ ਹਰ ਮੁੱਦੇ ਤੇ ਆਪਣੇ ਫ਼ੈਸਲੇ ਤਾਂ ਨਹੀਂ ਦਿੰਦੀ, ਪਰ ਉਸ ਵਿਚ ਹਰ ਮੁੱਦੇ ਦੇ ਮੁੱਢਲੇ ਸਿਧਾਂਤ ਹੁੰਦੇ ਹੀ ਹਨ।[5]

*ਤੀਜਾ, ਕਈ ਵਾਰ ਕਲੀਸੀਆ ਦੀ ਏਕਤਾ ਪ੍ਰਭੂ ਲਈ ਵਫ਼ਾਦਾਰ ਹੋ ਕੇ ਕੰਮ ਕਰਨ ਲਈ ਭਾਈਆਂ ਦੇ ਵੱਖ ਹੋ ਜਾਣ ਨਾਲ ਬਣੀ ਰਹਿ ਸਕਦੀ ਹੈ।* ਰਸੂਲਾਂ ਦੇ ਕੰਮ 15:36-41 ਵਿਚ ਦਰਜ ਪੌਲੁਸ ਅਤੇ ਬਰਨਾਬਾਸ ਦੇ ਤਜਰਬੇ ਤੋਂ ਇਹੀ ਸਲਾਹ ਮਿਲਦੀ ਹੈ। ਪੌਲੁਸ ਦਾ ਆਖਣਾ ਸੀ ਕਿ ਉਹ ਅਤੇ ਬਰਨਾਬਾਸ ਪਹਿਲੇ ਮਿਸ਼ਨਰੀ ਸਫ਼ਰ ਦੇ ਸਮੇਂ ਬਣੀਆਂ ਕਲੀਸੀਆਵਾਂ ਨੂੰ ਵੇਖਣ ਜਾਣਗੇ। ਬਰਨਾਬਾਸ ਮੰਨ ਗਿਆ, ਪਰ ਉਸ ਨੇ ਆਪਣੇ ਨਾਲ ਯੂਹੰਨਾ ਜੋ ਮਰਕੁਸ ਅਖਵਾਉਂਦਾ ਹੈ (ਜੋ ਰਿਸ਼ਤੇ ਵਿਚ ਉਸ ਦਾ ਭਰਾ ਲਗਦਾ ਸੀ, ਕੁਲੁੱਸੀਆਂ 4:10) ਨੂੰ ਲੈ ਕੇ ਜਾਣਾ ਚਾਹਿਆ। ਪਰ ਯੂਹੰਨਾ ਜੋ ਮਰਕੁਸ ਅਖਵਾਉਂਦਾ ਹੈ, ਪਹਿਲੇ ਸਫ਼ਰ ਵਿਚ ਚਲਿਆ ਗਿਆ ਸੀ (ਰਸੂਲਾਂ ਦੇ ਕੰਮ 13:13) ਅਤੇ ਪੌਲੁਸ ਉਸ ਤੇ ਉਨ੍ਹਾਂ ਨੂੰ ਛੱਡ ਜਾਣ ਦਾ ਦੋਸ਼ ਲਾਉਂਦਿਆਂ ਉਸ ਨੂੰ ਆਪਣੇ ਨਾਲ ਨਹੀਂ ਲੈ ਜਾਣਾ ਚਾਹੁੰਦਾ ਸੀ। ਜਿਸ ਕਰਕੇ ਪੌਲੁਸ ਅਤੇ ਬਰਨਾਬਾਸ ਵਿਚ ਬਹਿਸ ਨਹੀਂ ਬਲਕਿ ''ਕਾਫ਼ੀ ਝਗੜਾ'' ਹੋਇਆ (ਰਸੂਲਾਂ ਦੇ ਕੰਮ 15:39)। ਜਿਸ ਕਰਕੇ ਦੋਵੇਂ ''... ਇਕ ਦੂਜੇ ਤੋਂ ਵੱਖ ਹੋ ਗਏ'' (ਰਸੂਲਾਂ ਦੇ ਕੰਮ 15:39)।

ਬਰਨਾਬਾਸ ਅਤੇ ਯੂਹੰਨਾ ਮਰਕੁਸ ਕੁਪਰੁਸ ਦੇ ਟਾਪੂ ਤੇ ਕੰਮ ਕਰਨ ਲਈ ਜਹਾਜ਼ ਤੋਂ ਚਲੇ ਗਏ, ਜਿੱਥੇ ਉਹ ਪਹਿਲੇ ਸਫ਼ਰ ਦੌਰਾਨ ਗਏ ਸਨ (ਰਸੂਲਾਂ ਦੇ ਕੰਮ 13:4-12) ਅਤੇ ਜਿੱਥੇ ਬਰਨਾਬਾਸ ਦਾ ਘਰ ਸੀ (ਰਸੂਲਾਂ ਦੇ ਕੰਮ 4:36, 37)। ਪੌਲੁਸ ਸੀਲਾਸ ਨੂੰ ਲੈ ਕੇ ਉਨ੍ਹਾਂ ਨਗਰਾਂ ਵਿਚ ਗਿਆ ਜਿੱਥੇ ਉਸ ਦੇ ਕਿਲਕੀਆ (ਉਸ ਦਾ ਜਨਮ ਅਸਥਾਨ, ਰਸੂਲਾਂ ਦੇ ਕੰਮ 22:3) ਤੋਂ ਹੁੰਦੇ ਹੋਏ ਏਸ਼ੀਆ ਮਾਈਨਰ ਵਿਚ ਜਾਣ ਸਮੇਂ ਕਲੀਸੀਆ ਬਣੀ ਸੀ (ਰਸੂਲਾਂ ਦੇ ਕੰਮ 15:40, 41)।

ਅਸੀਂ ਪੌਲੁਸ ਅਤੇ ਬਰਨਾਬਾਸ ਤੋਂ ਸਿੱਖ ਸਕਦੇ ਹਾਂ ਕਿ ਚੰਗੇ ਅਤੇ ਵਿਸ਼ਵਾਸੀ ਭਰਾਵਾਂ ਵਿਚ ਵੀ ਕਿਸੇ ਗੱਲ ਵਿਚ ਅਸਹਿਮਤ ਹੋਣ ਦੇ ਬਾਵਜੂਦ ਉਹ ਬਿਨਾਂ ਪਾਪ ਦੇ ਰਹਿ ਸਕਦੇ ਹਨ। ਮਸੀਹੀ ਲੋਕ ਇਨ੍ਹਾਂ ਗੱਲਾਂ ਤੇ ਸਹਿਮਤ ਨਾ ਹੋਣਾ ਮੰਨ ਸਕਦੇ ਹਨ, ਪਰ ਕਈ ਵਾਰ ਇਹ ਅਸਹਿਮਤੀ ਵੱਡੀ ਹੋ ਸਕਦੀ ਹੈ। ਅਸਲ ਵਿਚ ਉਹ ਭਰਾਵਾਂ ਦੇ ਮਿਲ ਕੇ ਕੰਮ ਕਰਨਾ ਅਸੰਭਵ ਬਣਾ ਸਕਦੀ ਹੈ। ਇਸ ਤਰ੍ਹਾਂ ਹੋਣ ਤੇ ਸਭ ਤੋਂ ਵਧੀਆ ਹੱਲ ਉਨ੍ਹਾਂ ਭਰਾਵਾਂ ਦੇ ਵੱਖ ਹੋ ਕੇ ਕੰਮ ਕਰਨਾ ਹੀ ਹੋ ਸਕਦਾ ਹੈ। ਉਨ੍ਹਾਂ ਲਈ ਇਕ ਦੂਜੇ ਨਾਲੋਂ ਵੱਖ ਹੋਣ ਨਾਲ, ਪੂਰੀ ਕਲੀਸੀਆ ਵਿਚ ਸ਼ਾਂਤੀ ਰਹਿ ਸਕਦੀ ਹੈ। ਖ਼ੁਦਾ ਦੇ ਪਿਛਲੇ ਪ੍ਰਬੰਧ ਵਿਚ, ਲੰਮੇਂ ਸਮੇਂ ਲਈ ਇਸ ਦਾ ਲਾਭ ਹੋ ਸਕਦਾ ਹੈ। ਰਸੂਲਾਂ ਦੇ ਕੰਮ 15 ਅਧਿਆਇ ਦੇ ਮਾਮਲਿਆਂ ਵਿਚ ਨਤੀਜਾ ਇਹ ਹੋਇਆ ਸੀ ਕਿ ਦੋ ਜਾਂ ਤਿੰਨ ਦੀ ਥਾਂ ਚਾਰ ਜਣੇ ਮਿਸ਼ਨ ਖੇਤਰ ਵਿਚ ਗਏ ਸਨ ਅਤੇ ਉਹ ਇਕ ਨਹੀਂ ਬਲਕਿ ਦੋ ਇਲਾਕਿਆਂ ਵਿਚ ਗਏ ਸਨ। ਸ਼ਾਇਦ ਇਸ ਨਾਲ ਦੋਹਰੀ ਭਲਾਈ ਹੋਈ ਹੋਵੇਗੀ! ਪਰ ਜੇ ਸਭ ਗੱਲਾਂ ''ਮਿਲ ਕੇ ਭਲਿਆਈ ਪੈਦਾ ਕਰਦੀਆਂ'' ਹਨ (ਰੋਮੀਆਂ 8:28), ਤਾਂ ਇਸ ਵਿਚ ਸ਼ਾਮਿਲ ਲੋਕਾਂ ਨੂੰ ਚੰਗੇ ਵਿਹਾਰ ਰੱਖਣੇ ਚਾਹੀਦੇ ਹਨ। ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਇਸ ਅਨੁਭਵ ਕਰਕੇ ਪੌਲੁਸ ਨੇ ਬਰਨਾਬਾਸ ਬਾਰੇ ਕੋਈ ਮਾੜੀ ਗੱਲ ਕਹੀ ਹੋਵੇ, ਅਤੇ ਨਾ ਹੀ ਉਸ ਦੇ ਮਨ ਵਿਚ ਯੂਹੰਨਾ ਮਰਕੁਸ ਲਈ ਕੋਈ ਰੰਜਿਸ਼ ਸੀ। ਅਸਲ ਵਿਚ ਬਾਅਦ ਦੀ ਆਪਣੀ ਜ਼ਿੰਦਗੀ ਵਿਚ ਉਸ ਨੇ ਉਸ ਇਕ ਆਦਮੀ ਲਈ ਆਪਣਾ ਇਜ਼ਤ ਅਤੇ ਪਿਆਰ ਵਿਖਾਉਂਦਿਆਂ ਗੱਲ ਕੀਤੀ ਜਿਸ ਨੇ ਇਕ ਵਾਰ ਉਸ ਨੂੰ ਆਪਣੇ ਨਾਲ ਲੈਣ ਤੋਂ ਨਾ ਕਰ ਦਿੱਤੀ ਸੀ (ਕੁਲੁੱਸੀਆਂ 4:10; 2 ਤਿਮੋਥਿਉਸ 4:11)।

## ਸਾਰ

ਝਗੜੇ ਬਾਰੇ ਕਲੀਸੀਆ ਦੇ ਆਗੂ ਦਾ ਮਕਸਦ ਸ਼ਾਂਤੀ ਪਸੰਦ ਹੋਣਾ, ਜਿੱਥੋਂ ਤਕ ਹੋ ਸਕੇ ਸਭ ਲੋਕਾਂ ਨਾਲ ਮਿਲ ਕੇ ਰਹਿਣ (ਰੋਮੀਆਂ 12:18) ਅਤੇ ਸ਼ਾਂਤੀ ਬਣਾ ਕੇ ਰੱਖਣੀ ਹੈ।

ਸ਼ਾਂਤੀ ਪਸੰਦ ਆਦਮੀ ਦੀ ਮਿਸਾਲ ਅਬਰਾਹਾਮ ਵਿਚ ਮਿਲਦੀ ਹੈ। ਉਸ ਨੂੰ ਆਪਣੇ ਭਤੀਜੇ ਲੂਤ ਨਾਲ ਬਹੁਤ ਸਾਰੇ ਇੱਜੜਾਂ ਅਤੇ ਆਜੜੀਆਂ ਨੂੰ ਬਰਕਤ ਮਿਲੀ ਸੀ (ਉਤਪਤ 13:2, 5)। ਕੁਝ ਦੇਰ ਇਕੱਠੇ ਰਹਿਣ ਅਤੇ ਸਫ਼ਰ ਕਰਨ ਦੇ ਬਾਅਦ, ਉਹ ਵੇਲਾ ਵੀ ਆਇਆ ਜਦ ''ਉਹ ਦੇਸ ਉਨ੍ਹਾਂ ਦਾ ਇਕੱਠੇ ਰਹਿਣਾ ਝੱਲ ਨਾ ਸਕਿਆ, ਕਿਉਂਕਿ ਉਨ੍ਹਾਂ ਦਾ ਮਾਲ ਅਸਬਾਬ ਐਨਾ ਸੀ ਕਿ ਉਹ ਇਕੱਠੇ ਨਹੀਂ ਰਹਿ ਸਕਦੇ ਸਨ। ਅਤੇ ਅਬਰਾਹਾਮ ਦੇ ਪਾਲੀਆਂ ਅਤੇ ਲੂਤ ਦੇ ਪਾਲੀਆਂ ਵਿਚ ਝਗੜਾ ਪੈ ਗਿਆ'' (ਉਤਪਤ 13:6, 7ੳ; RSV)। ਫਿਰ ਕੀ ਕੀਤਾ ਜਾ ਸਕਦਾ ਸੀ? ਅਬਰਾਹਾਮ ਨੇ ਲੂਤ ਨੂੰ ਛੱਡ ਜਾਣ ਲਈ ਆਖ ਕੇ ਉਸ ਇਲਾਕੇ ਵਿਚ ਰਹਿਣ ਤੇ ਜ਼ੋਰ ਲਾਇਆ ਹੋਵੇਗਾ। ਇਸ ਦੇ ਬਦਲੇ ਚ ਉਸ ਨੇ ਲੂਤ ਨੂੰ ਉਸ ਦੇਸ਼

ਵਿਚ ਰਹਿਣ ਦੀ ਆਪਣੀ ਪਸੰਦ ਚੁਣਨ ਲਈ ਕਿਹਾ:

> ਅਬਰਾਮ ਨੇ ਲੂਤ ਨੂੰ ਆਖਿਆ ਮੇਰੇ ਅਰ ਤੇਰੇ ਅਰ ਮੇਰੇ ਅਰ ਤੇਰੇ ਪਾਲੀਆਂ ਵਿਚ ਝਗੜਾ ਨਹੀਂ ਹੋਣਾ ਚਾਹੀਦਾ ਕਿਉਂ ਜੋ ਅਸੀਂ ਭਰਾ ਹਾਂ। ਭਲਾ, ਤੇਰੇ ਅੱਗੇ ਸਾਰਾ ਦੇਸ ਨਹੀਂ ਹੈ? ਮੈਥੋਂ ਵੱਖਰਾ ਹੋ ਜਾਹ। ਜੇ ਤੂੰ ਖੱਬੇ ਪਾਸੇ ਜਾਵੇਂ ਤਾਂ ਮੈਂ ਸੱਜੇ ਪਾਸੇ ਜਾਵਾਂਗਾ (ਉਤਪਤ 13:8, 9; KJV)।

''ਅੱਗੇ ਦੀ ਕਹਾਣੀ'' ਸਾਨੂੰ ਪਤਾ ਹੈ। ਲੂਤ ਨੇ ''ਸਦੂਮ ਕੋਲ ਆਪਣਾ ਤੰਬੂ ਲਾਇਆ'' (ਉਤਪਤ 13:12), ਜਿਸ ਦਾ ਨਤੀਜਾ ਅਖ਼ੀਰ ਆਪਣੇ ਪਰਿਵਾਰ ਨਾਲ ਉਸ ਲਈ ਖਾਤਮੇ ਦਾ ਕਾਰਣ ਹੋਇਆ। ਇਸ ਦੇ ਉਲਟ ਅਬਰਾਹਾਮ ਨੂੰ ਖ਼ੁਦਾ ਵੱਲੋਂ ਜਿਸ ਨੇ ਉਸ ਨੂੰ ਆਪਣੇ ਦੇਸ਼ ਤੋਂ ਸੱਦਿਆ ਸੀ ਨਵੇਂ ਵਾਅਦੇ ਦਿੱਤੇ ਗਏ (ਉਤਪਤ 13:14-17)।

ਅਸੀਂ ਸ਼ਾਂਤੀ ਦੀ ਕੀ ਕੀਮਤ ਦੇਣ ਨੂੰ ਤਿਆਰ ਹਾਂ? ''ਕਿਸੇ ਵੀ ਕੀਮਤ ਤੇ ਸ਼ਾਂਤੀ'' ਭਾਵ ਸਿੱਖਿਆ ਦੀ ਪਵਿੱਤਰਤਾ ਦੀ ਕੀਮਤ ਤੇ ਸ਼ਾਂਤੀ ਦਾ ਮੁੱਲ ਬਹੁਤ ਜ਼ਿਆਦਾ ਹੈ। ਫਿਰ ਵੀ ਸਾਨੂੰ ਉਹੀ ਮੁੱਲ ਦੇਣ ਨੂੰ ਤਿਆਰ ਰਹਿਣਾ ਚਾਹੀਦਾ ਹੈ ਜੋ ਪੌਲੁਸ ਨੇ ਆਪਣੇ ਪਰਿਵਾਰ ਵਿਚ ਸ਼ਾਂਤੀ ਲੈਣ ਲਈ ਦਿੱਤਾ ਸੀ। ਸਾਨੂੰ ਇਹ ਕਹਿਣਾ ਸਿਖਾਉਣਾ ਚਾਹੀਦਾ ਹੈ, ''ਮੇਰੇ ਅਤੇ ਤੇਰੇ ਵਿਚਾਰ, ਅਤੇ ਮੇਰੇ ਅਤੇ ਤੇਰੇ ਅਯਾਲੀਆਂ ਵਿਚ ਝਗੜਾ ਨਾ ਹੋ ਸਕੇ; ਕਿਉਂਕਿ ਅਸੀਂ ਤਾਂ ਭਾਈ ਹਾਂ।''

---

ਟਿੱਪਣੀਆਂ

[1]*ਦਿ ਵਰਲਡ ਬੁਕ ਇਨਸਾਈਕਲੋਪੀਡੀਆ ਡਿਕਸ਼ਨਰੀ,* s.v. "strife." [2]*ਵੈਬਸਟਰ'ਜ਼ ਨਿਊ ਕਾਲਜਿਏਟ ਡਿਕਸ਼ਨਰੀ,* s.v. "strife." [3]ਰੋਮੀਆਂ 1:29; 13:13; 1 ਕੁਰਿੰਥੀਆਂ 1:11; 3:3; 2 ਕੁਰਿੰਥੀਆਂ 12:20; ਫ਼ਿਲਿੱਪੀਆਂ 1:15; 1 ਤਿਮੋਥਿਉਸ 6:4; ਅਤੇ ਤੀਤੁਸ 3:9 ਉਹ ਵਚਨ ਹੈ ਜਿੱਥੇ ਇਹ ਸ਼ਬਦ ਮਿਲਦਾ ਹੈ। [4]ਸੁਝਾਵਾਂ ਲਈ, ''ਡਾਕਟ੍ਰਿਨ ਸਬੰਧੀ ਮੁੱਦਿਆਂ ਦਾ ਸਾਹਮਣਾ ਕਰਨਾ'' ਖਾਸ ਤੌਰ ਤੇ ਰੋਮੀਆਂ 14 ਅਧਿਆਇ ਦੀ ਚਰਚਾ ਵੇਖੋ। [5]ਜੇਮਸ ਈ. ਮੀਨਜ਼, *ਲੀਡਰਸ਼ਿਪ ਇਨ ਕ੍ਰਿਸਚਿਅਨ ਮਿਨਸਟਰੀ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1989), 192-93.